# Punjab Government Gazette

## EXTRAORDINARY

*Published by Authority*

CHANDIGARH, WEDNESDAY, DECEMBER 24, 2025 (PAUSA 3, 1947 SAKA)


**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

**ਅਧਿਸੂਚਨਾ**

ਮਿਤੀ 22 ਦਸੰਬਰ, 2025

**ਨੰਬਰ:** 04/43/**ਹਲਕਾਬੰਦੀ**(**ਸ**-1)/**ਮਚਸ਼**/2025/258.-ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ III ਆਫ 1911) ਦੀ ਧਾਰਾ 240 ਦੇ ਉਪਬੰਧਾਂ ਅਨੁਸਾਰ ਅਤੇ ਡਿਲੀਮੀਟੇਸ਼ਨ ਆਫ ਵਾਰਡਜ਼ ਆਫ ਮਿਉਂਸਪੈਲਟੀਜ ਰੂਲਜ, 1972 ਦੇ ਨਿਯਮ 8 ਅਧੀਨ ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਜਾਰੀ ਕੀਤੇ ਹੁਕਮਾਂ ਦਾ ਅਧਿਲੰਘਣ ਕਰਦੇ ਹੋਏ ਹੇਠਾਂ ਲਿਖਿਆ ਨਿਯਮਾਂ ਦਾ ਖਰੜ੍ਹਾ ਜਿਨ੍ਹਾਂ ਨੂੰ ਬਨਾਉਣ ਲਈ ਪੰਜਾਬ ਦੇ ਰਾਜਪਾਲ ਤਜਵੀਜ ਕਰਦੇ ਹਨ ਅਤੇ ਇਸ ਸਬੰਧ ਵਿੱਚ ਆਪਣੀਆਂ ਸਮੂਹ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਕੌਂਸਲ, ਸੁਨਾਮ, ਜਿਲ੍ਹਾ ਸੰਗਰੂਰ ਨਗਰ ਦੇ ਵਾਰਡਾਂ ਦੀ ਹਲਕਾਬੰਦੀ ਉਨ੍ਹਾਂ ਵਿਅਕਤੀਆਂ ਦੀ ਸੂਚਨਾ ਲਈ ਪ੍ਰਕਾਸ਼ਤ ਕਰਦੇ ਹਨ, ਜਿਨ੍ਹਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ। ਉਹ ਇਸ ਅਧਿਸੂਚਨਾ ਦੇ ਪ੍ਰਕਾਸ਼ਤ ਹੋਣ ਤੋਂ 7 ਦਿਨਾਂ ਦੇ ਪਿੱਛੋਂ ਨਿਮਨ ਅਨੁਸਾਰ ਖਰੜੇ ਤੇ ਪ੍ਰਾਪਤ ਉਨ੍ਹਾਂ ਇਤਰਾਜਾਂ/ ਸੁਝਾਵਾਂ ਤੇ ਵਿਚਾਰ ਕੀਤਾ ਜਾਵੇਗਾ ਜਿਹੜੇ ਨਿਯਮਾਂ ਦੇ ਖਰੜੇ ਸਬੰਧੀ ਕਿਸੇ ਵੀ ਅਸਰ ਸੰਭਾਵੀ ਵਿਅਕਤੀ ਵਲੋਂ ਉਕਤ ਅਨੁਸਾਰ ਮਿੱਥੇ ਸਮੇ ਅੰਦਰ ਸਬੰਧਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਰਾਹੀਂ ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਨੂੰ ਪ੍ਰਾਪਤ ਹੋਣਗੇ।

**ਨਿਯਮਾਂ ਦਾ ਖਰੜਾ**

ਨਗਰ ਕੌਂਸਲ, ਸੁਨਾਮ, ਜਿਲ੍ਹਾ ਸੰਗਰੂਰ ਨਗਰ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ, ਸੁਨਾਮ ਨੂੰ 23 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 15 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾਂ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ ਅਤੇ
4. ਪੱਛੜੀ ਸ੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

## ਨਗਰ ਕੌਂਸਲ, ਸੁਨਾਮ ਨਗਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

### ਵਾਰਡ ਨੰਬਰ:-1 (ਇਸਤਰੀ ਮੈਂਬਰਾਂ ਲਈ ਰਾਖਵਾਂ)

ਮਾਤਾ ਗੁਜਰੀ ਰੋਡ ਅਤੇ ਨਗਰ ਕੌਂਸਲ ਦੀ ਉਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਨਗਰ ਕੌਂਸਲ ਦੀ ਉਤਰੀ ਹੱਦ ਨਾਲ ਚਲਦੇ ਹੋਏ ਰੇਲਵੇ ਲਾਈਨ ਤੀਕ: ਫਿਰ ਉਕਤ ਲਾਈਨ ਨਾਲ ਚਲਦੇ ਹੋਏ ਮਾਤਾ ਮੋਦੀ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਗੁੱਗਾ ਮਾੜੀ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਸਾਹਮਣੇ ਸਟਰੀਟ ਅਰੋੜਾ ਕਲੋਨੀ ਤੀਕਸ ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਲਿੰਕ ਗਲੀ ਚੋਅ ਤੀਕ, ਫਿਰ ਉਕਤ ਚੋਅ ਨੂੰ ਪਾਰ ਕਰਕੇ ਹਵਾਈ ਲਾਈਨ ਲਗਾਉਂਦੇ ਹੋਏ ਬਠਿੰਡਾ ਰੋਡ ਤੀਕਸ ਫਿਰ ਉਕਤ ਰੋਡ ਨੂੰ ਪਾਰ ਕਰਕੇ ਮਾਤਾ ਗੁਜਰੀ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਉਤਰੀ ਹੱਦ ਤੀਕਸ ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰਬਰ:-2 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਉਤਰੀ ਹੱਦ ਅਤੇ ਮਾਤਾ ਗੁਜਰੀ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਮਾਤਾ ਗੁਜਰੀ ਰੋਡ ਨਾਲ ਚਲਦੇ ਹੋਏ ਬਠਿੰਡਾ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਸਟਰੀਟ ਗੁਜਾ ਪੀਰ ਬਸਤੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਖੇਤਾ ਸੜਕ ਤੀਕ, ਫਿਰ ਉਕਤ ਸੜਕ ਨਾਲ ਚਲਦੇ ਹੋਏ ਸੜਕ ਨਮੋਲ ਤੀਕਸ ਫਿਰ ਉਕਤ ਸੜਕ ਨਾਲ ਚਲਦੇ ਹੋਏ ਸਾਹਮਣੇ ਬਠਿੰਡਾ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਸਰਹਿੰਦ ਚੋਅ ਤੀਕਸ ਫਿਰ ਉਹਤ ਚੋਅ ਨਾਲ ਚਲਦੇ ਹੋਏ ਸਾਹਮਣੇ ਸਮਸ਼ਾਨ ਘਾਟ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਸਾਹਮਣੇ ਗੁਰੂਦੁਆਰਾ ਪਹਿਲੀ ਪਾਤਸ਼ਾਹੀ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਕੱਚਾ ਰਸਤਾ ਤੀਕ: ਫਿਰ ਕੱਚੇ ਰਸਤੇ ਨਾਲ ਚਲਦੇ ਹੋਏ ਪੱਛਮੀ ਹੱਦ ਤੀਕ: ਫਿਰ ਨਗਰ ਕੌਂਸਲ ਦੀ ਪੱਛਮੀ ਅਤੇ ਉਤਰੀ ਹੱਦ ਨਾਲ ਚਲਦੇ ਹੋਏ ਮਾਤਾ ਗੁਜਰੀ ਰੋਡ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰਬਰ:-3 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗੁਰੂਦੁਆਰਾ ਨਿਆਈ ਸਾਹਿਬ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮੁਹੱਲਾ ਤਰਖਾਣਾ ਤੀਕ, ਫਿਰ ਉਕਤ ਗਲੀ ਮੁਹੱਲੇ ਨਾਲ ਚਲਦੇ ਹੋਏ ਸਾਹਮਣੇ ਸਟਰੀਟ ਮੁਹੱਲਾ ਰਾਏ ਪੁਰੀਆ ਤੀਕਸ ਫਿਰ ਉਕਤ ਗਲੀ ਮੁਹੱਲੇ ਨਾਲ ਚਲਦੇ ਹੋਏ ਚੌਹੱਟਾ ਬਜ਼ਾਰ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਰੰਗੀਲਾ ਸਟਰੀਟ ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਾਹਮਣੇ ਸਰਕੂਲਰ ਰੋਡ ਤੀਕ: ਉਕਤ ਚੌਕ ਤੋ ਚੱਲਦੇ ਹੋਏ ਚਹੁੱਟਾ ਬਜਾਰ ਪਟਵਾਰ ਖਾਨੇ ਵਾਲੀ ਰੋਡ ਤੋ ਚੱਲਦੇ ਹੋਏ ਕੁੱਕੂ ਦੁੱਧ ਵਾਲੇ ਦੀ ਦੁਕਾਨ ਅੱਗੇ ਦੀ ਹੁੰਦੇ ਹੋਏ ਗੁਰੂਦੁਆਰਾ ਨਿਆਈ ਸਾਹਿਬ ਤੱਕ ਜਿੱਥੋ ਆਰੰਭ ਕੀਤਾ ਸੀ ।

### ਵਾਰਡ ਨੰਬਰ:- 4 ( ਪੱਛੜੀਆਂ ਸ੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ )

ਬਠਿੰਡਾ ਰੋਡ ਅਤੇ ਸੜਕ ਨਮੋਲ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਸੜਕ ਨਮੋਲ ਨਾਲ ਚਲਦੇ ਹੋਏ ਸੜਕ ਖੇੜਾ ਤੀਕ, ਫਿਰ ਉਕਤ ਸੜਕ ਨਾਲ ਚਲਦੇ ਹੋਏ ਗਲੀ ਗੁਜਾ ਪੀਰ ਬਸਤੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਬਠਿੰਡਾ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਰੀਗਲ ਰੈਜੀਡੈਂਟ ਤੋਂ ਹਵਾਈ ਲਾਈਨ ਲਗਾਉਂਦੇ ਹੋਏ ਸਰਹੰਦ ਚੋਅ ਤੀਕਸ ਫਿਰ ਉਕਤ ਚੋਅ ਨੂੰ ਪਾਰ ਕਰਦੇ ਹੋਏ ਸਰਹੰਦ ਚੋਅ ਨਾਲ ਚਲਦੇ ਹੋਏ ਲਿੰਕ ਗਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਟਰੀਟ ਅਰੋੜਾ ਕਲੋਨੀ ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਗੁੱਗਾ ਮਾੜੀ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਮੁਹੱਲਾ ਤਰਖਾਣਾ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਗੁਰੂਦੁਆਰਾ ਨਿਆਈ ਸਾਹਿਬ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਸਰਕੂਲਰ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਸ੍ਰੀ ਗੁਰੂ ਹਰਿਕ੍ਰਿਸ਼ਨ ਮਾਡਲ ਸਕੂਲ ਤੋ ਬੱਦਰੀ ਵਾਲੀ ਰਾਮ ਲੀਲਾ ਦੇ ਅੱਗੇ ਦੀ ਹੁੰਦੇ ਹੋਏ ਸ਼ਨੀ ਮੰਦਿਰ ਦੇ ਪਿੱਛੇ ਦੀ ਚੱਲਦੇ ਹੋਏ ਮੇਹਰ ਕਲੋਨੀ ਦੇ ਅੱਗੇ ਦੀ ਚੱਲਦੇ ਹੋਏ ਬਠਿੰਡਾ ਰੋਡ ਤੀਕ: ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰਬਰ:-5 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗੁਰੂਦੁਆਰਾ ਪਹਿਲੀ ਪਾਤਸ਼ਾਹੀ ਰੋਡ ਅਤੇ ਸਰਕੂਲਰ ਰੋਡ ਬਜ਼ਾਰ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਸਰਕੂਲਰ ਰੋਡ ਨਾਲ ਚਲਦੇ ਹੋਏ ਸਾਹਮਣੇ ਸਰਕੂਲਰ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਰੰਗੀਲਾ ਸਟਰੀਟ ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਾਹਮਣੇ ਗਲੀ ਮੁਹੱਲਾ ਬਾਗੜੀਆ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਟਰੀਟ ਕੁਲਦੀਪ

ਸਿੰਘ ਤੀਕ, ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਗੁਰੁਦੁਆਰਾ ਪਹਿਲੀ ਪਾਤਸ਼ਾਹੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਸਰਕੂਲਰ ਰੋਡ ਬਜ਼ਾਰ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ ।

ਵਾਰਡ ਨੰਬਰ:- 6

ਵੱਡਾ ਬਜ਼ਾਰ ਅਤੇ ਗਲੀ ਮੁਹੱਲਾ ਗੁਜਰਾਂ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਮੁਹੱਲਾ ਗੁਜਰਾ ਨਾਲ ਚਲਦੇ ਹੋਏ ਸਾਹਮਣੇ ਗਲੀ ਦਲੀਪ ਸਿੰਘ ਵਾਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਪ੍ਰੀਤਮ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਮੇਨ ਬਜ਼ਾਰ ਤੀਕ: ਫਿਰ ਉਕਤ ਬਜ਼ਾਰ ਨਾਲ ਚਲਦੇ ਹੋਏ ਸਾਹਮਣੇ ਸਟਰੀਟ ਪਬਲਿਕ ਪ੍ਰਇਮਰੀ ਸਕੂਲ ਵਾਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਗਲੀ ਓਲਡ ਕੋਰਟ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਮੁਹੱਲਾ ਕਾਲੀਦਾਸ ਤੀਕ: ਫਿਰ ਉਕਤ ਗਲੀ ਮੁਹੱਲੇ ਨਾਲ ਚਲਦੇ ਹੋਏ ਸਟਰੀਟ ਹਸਪਤਾਲ ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਵੱਡਾ ਬਜ਼ਾਰ ਤੀਕਸ ਫਿਰ ਉਕਤ ਬਜ਼ਾਰ ਨਾਲ ਚਲਦੇ ਹੋਏ ਗਲੀ ਮੁਹੱਲਾ ਗੁਜਰਾ ਤੀਕ: ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ:-7 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗੁਰੂਦੁਆਰਾ ਪਹਿਲੀ ਪਾਤਸ਼ਾਹੀ ਰੋਡ ਅਤੇ ਸਟਰੀਟ ਕੁਲਦੀਪ ਸਿੰਘ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਸਟਰੀਟ ਕੁਲਦੀਪ ਸਿੰਘ ਨਾਲ ਚਲਦੇ ਹੋਏ ਵੱਡਾ ਬਜ਼ਾਰ ਤੀਕ ਫਿਰ ਉਕਤ ਬਜ਼ਾਰ ਨਾਲ ਚਲਦੇ ਹੋਏ ਹਸਪਤਾਲ ਸਟਰੀਟ ਤੀਕ, ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਾਹਮਣੇ ਗਲੀ ਮੁਹੱਲਾ ਕਾਲੀਦਾਸ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਪੁਰਾਣੀ ਕਚਿਹਰੀ ਕੋਰਟ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਸਾਹਮਣੇ ਗਲੀ ਗੋਰਮਿੰਟ ਸੀ.ਸੈ.ਸਕੂਲ (ਲੜਕੇ) ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਗੁਰੂਦੁਆਰਾ ਪਹਿਲੀ ਪਾਤਸ਼ਾਹੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਸਟਰੀਟ ਕੁਲਦੀਪ ਸਿੰਘ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ:- 8

ਪੁਰਾਣੀ ਕਚਹਿਰੀ ਰੋਡ ਅਤੇ ਸਟਰੀਟ ਪਬਲਿਕ ਪ੍ਰਇਮਰੀ ਸਕੂਲ ਦੇ ਮਿਲਣ ਦੇ ਸਥਾਨ ਤੇ ਆਰੰਭ ਕਰਕੇ ਸਟਰੀਟ ਪਬਲਿਕ ਪ੍ਰਾਇਮਰੀ ਸਕੂਲ ਨਾਲ ਚਲਦੇ ਹੋਏ ਸਾਹਮਣੇ ਮੇਨ ਬਜ਼ਾਰ ਤੀਕ, ਫਿਰ ਉਕਤ ਬਜ਼ਾਰ ਨਾਲ ਚਲਦੇ ਹੋਏ ਪੀਰਾ ਵਾਲਾ ਗੇਟ ਤੀਕ, ਫਿਰ ਉਕਤ ਗੇਟ ਨਾਲ ਚਲਦੇ ਹੋਏ ਗਲੀ ਜਾਮਾ ਮਸਜਿਦ ਵਾਲੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਗਲੀ ਮੁਹੱਲਾ ਧੋਬੀਆ ਤੀਕਸ ਫਿਰ ਉਕਤ ਗਲੀ ਮੁਹੱਲੇ ਨਾਲ ਚਲਦੇ ਹੋਏ ਸਟਰੀਟ ਆਲਾ ਸਿੰਘ ਤੀਕ, ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਗਲੀ ਗੁਰੂਦੁਆਰਾ ਕੋਕਾ ਮਾਜਰੀ ਵਾਲੀ ਤੀਕਸ ਰੋਜ ਗਾਰਡਨ ਦੇ ਛੋਟੇ ਗੇਟ ਤੱਕ ਸੱਜਾ ਪਾਸਾ ਉਕਤ ਤੋ ਚੱਲਦੇ ਬਖਸੀਵਾਲਾ ਮੋੜ ਤੱਕ ਉਕਤ ਤੋ ਚੱਲਦੇ ਹੋਏ ਰੋਇਲਟ ਸੀਟੀ ਤੱਕ ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਸਟਰੀਟ ਚਮਿਆਰਾਂ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਪੁਰਾਣੀ ਕਚਹਿਰੀ ਰੋਡ ਤੀਕਸ ਫਿਰ ਉਕਤ ਰੋਡ ਲਾਲ ਚਲਦੇ ਹੋਏ ਕੋਰਟ ਰੋਡ (ਫਲੋਰ ਮਿੱਲ) ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਕੋਰਟ ਰੋਡ (ਡੰਗਰ ਹਸਪਤਾਲ) ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਪੁਰਾਣੀ ਕਚਹਿਰੀ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਸਟਰੀਟ ਪਬਲਿਕ ਪ੍ਰਾਇਮਰੀ ਸਕੂਲ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ:- 9 (ਇਸਤਰੀ ਮੈਂਬਰਾਂ ਲਈ ਰਾਖਵਾਂ)

ਪੀਰਾ ਵਾਲਾ ਗੇਟ ਰੋਡ(ਚੋਂਕ ਪੀਰਾ ਵਾਲਾ) ਅਤੇ ਸਰਕੂਲਰ ਰੋਡ ਦੇ ਮਿਲਣੇ ਦੇ ਸਥਾਨ ਤੋਂ ਆਰੰਭ ਕਰਕੇ ਸਰਕੂਲਰ ਰੋਡ ਨਾਲ ਚਲਦੇ ਹੋਏ ਰੋਜ ਗਾਰਡਨ ਦੇ ਛੋਟੇ ਗੇਟ ਤੱਕ ਉਕਤ ਤੋ ਚੱਲਦੇ ਹੋਏ ਗੁਰੂਦੁਆਰਾ ਕੋਕਾ ਮਾਜਰੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਟਰੀਟ ਆਲਾ ਸਿੰਘ ਤੀਕ, ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਟਰੀਟ ਮੁਹੱਲਾ ਧੋਬੀਆ ਤੀਕਸ ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਾਹਮਣੇ ਗਲੀ ਜਾਮਾ ਮਸਜਿਦ ਵਾਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਪੀਰਾ ਵਾਲਾ ਗੇਟ (ਚੌਂਕ ਪੀਰਾ ਵਾਲਾ) ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਸਰਕੂਲਰ ਰੋਡ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ:- 10

ਪੀਰਾਂ ਵਾਲਾ ਗੇਟ ਰੋਟਰੀ ਪਬਲਿਕ ਸਕੂਲ ਦੀ ਬੈਕ ਸਾਇਡ ਸੱਜੇ ਪਾਸੇ ਚੱਲਦੇ ਹੋਏ ਗਲੀ ਨੰਬਰ 3 ਤੱਕ ਉਕਤ ਤੋ

ਚੱਲਦੇ ਹੋਏ ਕਾਲਜ ਰੋਡ ਜਾਂਦੇ ਹੋਏ, ਫਿਰ ਉਕਤ ਰੋਡ ਤੋ ਚੱਲਦੇ ਹੋਏ ਰੇਲਵੇ ਲਾਇਨ ਤੱਕ, ਫਿਰ ਉਕਤ ਲਾਇਨ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੱਕ, ਫਿਰ ਨਗਰ ਕੌਂਸਲ ਦੀ ਦੱਖਣੀ ਅਤੇ ਪੱਛਮੀ ਹੱਦ ਨਾਲ ਚੱਲਦੇ ਹੋਏ ਪੰਜਾਬੀ ਬਾਗ ਰੋਜ ਗਾਰਡਨ ਦੇ ਨਾਲ ਡੇਰਾ ਬਾਬਾ ਭਗਵੰਤ ਨਾਥ ਤੋ ਰੋਟਰੀ ਸਕੂਲ ਸੁਨਾਮ ਤੱਕ ਸੱਜਾ ਪਾਸਾ ਜਿੱਥੋ ਆਰੰਭ ਕੀਤਾ ਸੀ ।

## ਵਾਰਡ ਨੰਬਰ:-11 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ)

ਰੇਲਵੇ ਲਾਈਨ ਅਤੇ ਸਟੇਡੀਅਮ ਰੋਡ ਗਲੀ ਨੰਬਰ 2 ਤੋ ਸਾਹਮਣੇ ਤੋ ਸ਼ੁਰੂ ਕਰਦੇ ਹੋਏ ਇਸ ਨਾਲ ਚੱਲਦੇ ਹੋਏ ਸਾਹਮਣੇ ਸਟਰੀਟ ਕਰਤਾਰ ਸਿੰਘ (ਗੁਰੂਦੁਆਰਾ ਹਰਿਗੋਬਿੰਦ ਸਾਹਿਬ) ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਗਲੀ ਬਸੰਤ ਹਸਪਤਾਲ ਵਾਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਜਾਖਲ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ (ਵੈਅਰ ਹਾਊਸ) ਜਵੰਧੇ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ: ਫਿਰ ਨਗਰ ਕੌਂਸਲ ਦੀ ਪੂਰਬੀ ਅਤੇ ਦੱਖਣੀ ਹੱਦ ਨਾਲ ਚਲਦੇ ਹੋਏ ਰੇਲਵੇ ਲਾਈਨ ਤੀਕਸ ਫਿਰ ਰੇਲਵੇ ਲਾਈਨ ਨਾਲ ਚਲਦੇ ਹੋਏ ਸਟੇਡੀਅਮ ਰੋਡ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ ।

## ਵਾਰਡ ਨੰਬਰ:-12 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਸਟਰੀਟ ਮੁਨਸੀ ਰਾਮ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਸਟਰੀਟ ਮੁਨਸੀ ਰਾਮ ਨਾਲ ਚੱਲਦੇ ਹੋਏ ਗਲੀ ਡਾ. ਸੱਤਪਾਲ ਸਿੰਗਲਾ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਚੰਦ ਮਹੰਤ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਇੰਦਰਾ ਬਸਤੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਸਟਰੀਟ ਨੰ 2 ਨਾਲ ਚੱਲਦੇ ਹੋਏ ਸਟਰੀਟ ਨੰਬਰ 8 ਤੱਕ , ਫਿਰ ਸਟਰੀਟ ਨਾਲ ਚੱਲਦੇ ਹੋਏ ਜਾਖਲ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਬਸੰਤ ਹਸਪਤਾਲ ਵਾਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਸਟਰੀਟ ਕਰਤਾਰ ਸਿੰਘ (ਗੁਰੂਦੁਆਰਾ ਹਰਿਗੋਬਿੰਦ ਸਾਹਿਬ) ਤੀਕਸ ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਅਨਾਜ ਮੰਡੀ ਵਿੱਚ ਦੀ ਹੁੰਦੇ ਅੰਡਰ ਬ੍ਰਿਜ ਦੇ ਨਾਲ ਹੁੰਦੇ ਹੋਏ ਸਟੇਡੀਅਮ ਰੋਡ ਤੀਕ: ਇਸ ਸਥਾਨ ਤੋ ਚੱਲਦੇ ਹੋਏ ਸਟਰੀਟ ਮੁਨਸੀ ਰਾਮ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰਬਰ:-13 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ )

ਹੰਜਰਾ ਮਾਰਗ ਅਤੇ ਜਾਖਲ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਜਾਖਲ ਰੋਡ ਨਾਲ ਚਲਦੇ ਹੋਏ ਸਟਰੀਟ ਨੰ 8 (ਚਰਚ ਵਾਲੀ) ਤੀਕਸ ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਟਰੀਟ ਇੰਦਰਾ ਬਸਤੀ ਤੀਕਸ ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਾਹਮਣੇ ਇੰਦਰ ਮਾਰਗ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਨਰਾਤਾ ਰਾਮ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਹੰਜਰਾ ਮਾਰਗ ਤੀਕ: ਫਿਰ ਹੰਜਰਾ ਮਾਰਗ ਨਾਲ ਚਲਦੇ ਹੋਏ ਜਾਖਲ ਰੋਡ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰਬਰ:- 14

ਨਗਰ ਕੌਂਸਲ ਦੀ ਉਤਰੀ ਅਤੇ ਨਗਰ ਕੌਂਸਲ ਦੀ ਪੂਰਬੀ ਹੱਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਨਗਰ ਕੌਂਸਲ ਦੀ ਪੂਰਬੀ ਹੱਦ ਨਾਲ ਚਲਦੇ ਹੋਏ ਮੇਨ ਸਟਰੀਟ ਗੋਬਿੰਦਪੁਰਾ (ਗੋਰਮਿੰਟ ਪ੍ਰਾਇਮਰੀ ਸਕੂਲ ਵਾਲੀ) ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਸਾਹਮਣੇ ਗਲੀ ਭੱਜਨ ਸਿੰਘ ਵਾਲੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਗਲੀ ਗੁਰੂਦੁਆਰਾ ਸਾਹਿਬ ਮੋਰਾਂਵਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਬਿਗੜਵਾਲ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਜਾਖਲ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਪਟਿਆਲਾ ਰੋਡ ਤੋ ਆਈ.ਟੀ.ਆਈ ਚੌਕ ਤੋ ਬਾਬਾ ਪਰਮਾਨੰਦ ਕੁਟੀਆ ਮੋੜ ਤੱਕ ਸੱਜਾ ਪਾਸਾ ਉਕਤ ਤੋ ਚੱਲਦੇ ਹੋਏ ਫਿਰ ਉਕਤ ਗਲੀ ਤੋਂ ਹਵਾਈ ਲਾਈਨ ਲਗਾਉਦੇ ਹੋਏ ਨਗਰ ਕੌਂਸਲ ਦੀ ਉਤਰੀ ਹੱਦ ਤੀਕਸ ਫਿਰ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰਬਰ:- 15 (ਇਸਤਰੀ ਮੈਂਬਰਾਂ ਲਈ ਰਾਖਵਾਂ)

ਵਿਸਵਕਰਮਾ ਮੰਦਿਰ ਰੋਡ ਅਤੇ ਲਿੰਕ ਗਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਲਿੰਕ ਗਲੀ ਨਾਲ ਚਲਦੇ ਹੋਏ ਗਲੀ ਗੁਰੂਦੁਆਰਾ ਇਮਲੀ ਸਾਹਿਬ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਮੇਨ ਸਟਰੀਟ ਰਾਮ ਨਗਰ (ਰਮੇਸ਼ਵਰ ਮੰਦਰ ਵਾਲੀ) ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਜਾਖਲ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਹਜਰਾ ਮਾਰਗ

ਸਟਰਨਲ ਜਿੰਮ ਤੀਕ, ਫਿਰ ਉਕਤ ਮਾਰਗ ਨਾਲ ਚਲਦੇ ਹੋਏ ਸਾਹਮਣੇ ਗਲੀ ਨਰਾਤਾ ਰਾਮ ਵਾਲੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਇੰਦਰ ਮਾਰਗ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਭਾਈ ਸਰਮੁੱਖ ਸਿੰਘ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਗਲੀ ਨੰ 10 ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਬ੍ਰਹਮ ਕੁਮਾਰੀ ਮੰਦਰ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਵਿਸ਼ਵਕਰਮਾ ਮੰਦਰ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਲਿੰਕ ਗਲੀ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ:-16

ਨਗਰ ਕੌਂਸਲ ਦੀ ਉਤਰੀ ਹੋਂਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਨਗਰ ਕੌਂਸਲ ਦੀ ਉਤਰੀ ਹੱਦ ਤੋਂ ਹਵਾਈ ਲਾਈਨ ਲਗਾਉਂਦੇ ਹੋਏ ਜਸਵਿੰਦਰ ਸਿੰਘ ਦੇ ਘਰ ਤੀਕ: ਫਿਰ ਉਕਤ ਨਾਲ ਚਲਦੇ ਹੋਏ ਬਾਬਾ ਪਰਮਾਨੰਦ ਕੁਟੀਆ ਵਾਲੀ ਗਲੀ ਤੱਕ ਫਿਰ ਉਕਤ ਨਾਲ ਚਲਦੇ ਹੋਏ ਗਲੀ ਮੁਹੱਲਾ ਅਜੀਤ ਨਗਰ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਮੇਨ ਸਟਰੀਟ ਰਾਮ ਨਗਰ (ਰਮੇਸ਼ਵਰ ਮੰਦਰ ਵਾਲੀ) ਤੀਕਸ ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਗਲੀ ਗੁਰੂਦੁਆਰਾ ਇਮਲੀ ਸਾਹਿਬ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਬਿਜਲੀ ਬੋਰਡ ਦਫਤਰ ਦੇ ਮੋੜ ਤੱਕ ਉਕਤ ਤੋ ਚੱਲਦੇ ਹੋਏ ਪਟਿਆਲਾ ਰੋਡ ਹੁੰਦੇ ਹੋਏ ਨਗਰ ਕੌਂਸਲ ਦੀ ਉਤਰੀ ਹੱਦ ਤੀਕਸ ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ:- 17 (ਇਸਤਰੀ ਮੈਂਬਰਾਂ ਲਈ ਰਾਖਵਾਂ)

ਪਟਿਆਲਾ ਰੋਡ ਅਰਬਨ ਕਰੇਵ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਪਟਿਆਲਾ ਰੋਡ ਨਾਲ ਚਲਦੇ ਹੋਏ ਵਿਸਵਕਰਮਾ ਮੰਦਰ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਬ੍ਰਹਮ ਕੁਮਾਰੀ ਮੰਦਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਸਟਰਿਟ ਨੰ 10 ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਗਲੀ ਸੁਰਮੁੱਖ ਸਿੰਘ ਤੀਕ: ਫਿਰ ਉਕਤ ਗਈ ਨਾਲ ਚਲਦੇ ਹੋਏ ਸਾਹਮਣੇ ਇੰਦਰ ਮਾਰਗ ਤੀਕ: ਵਿਚ ਉਕਤ ਮਾਰਗ ਨਾਲ ਚਲਦੇ ਹੋਏ ਸਟਰੀਟ ਇੰਦਰਾ ਬਸਤੀ ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ /ਗਲੀ ਚੰਦ ਮਹੰਤ ਵਾਲੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸੱਤਪਾਲ ਵਾਲੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਸਟਰੀਟ ਮੁਨਸੀ ਰਾਮ ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਰੇਲਵੇ ਲਾਈਨ ਤੀਕ: ਫਿਰ ਰੇਲਵੇ ਲਾਈਨ ਨਾਲ ਚਲਦੇ ਹੋਏ ਪਟਿਆਲਾ ਰੋਡ ਅਰਬਨ ਕਰੇਵ ਤੀਕ: ਅਰਥਾਤ ਜਿਥੋਂ ਆਰੰਭ ਕੀਤਾ ਸੀ ।

ਵਾਰਡ ਨੰਬਰ- 18 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਪੀਰ ਬਾਬਾ ਬੰਨਾ ਬਨੋਈ ਰੋਡ ਮਾਸਟਰ ਕਲੋਨੀ ਵਾਲੇ ਮੋੜ ਤੋ ਆਰੰਭ ਕਰਕੇ ਸਟੇਡੀਅਮ ਰੋਡ ਤੋ ਗਲੀ ਨੰਬਰ 2 ਤੱਕ ਉਕਤ ਗਲੀ ਅੰਦਰ ਜਾਂਦੇ ਖੱਬਾ ਪਾਸਾ ਗਲੀ ਮੁਨਸੀ ਰਾਮ ਤੱਕ ਉਕਤ ਤੋ ਰੇਲਵੇ ਲਾਇਨ ਸਟੇਡੀਅਮ ਰੋਡ ਦੇ ਨਾਲ ਮੋਦੀ ਮਿੱਲ ਦੇ ਪਿੱਛੇ ਦੀ ਜਾਂਦੇ ਹੋਏ ਬਿੱਲ ਟਾਇਰ ਪੈਂਚਰਾ ਵਾਲੇ ਦੀ ਦੁਕਾਨ ਅੱਗੇ ਹੁੰਦੇ ਹੋਏ ਮਾਲ ਗੁਦਾਮ ਚੋਕ ਤੱਕ ਉਕਤ ਤੋ ਨਵਾਂ ਬਜਾਰ ਖੱਬਾ ਪਾਸਾ ਚੱਲਦੇ ਹੋਏ ਮਾਸਟਰ ਕਲੋਨੀ ਦੇ ਮੋੜ ਤੱਕ ਜਿੱਥੋ ਆਰੰਭ ਕੀਤਾ ਸੀ ।

ਵਾਰਡ ਨੰਬਰ.-19 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ )

ਸਟਰੀਟ ਮੁਹੱਲਾ ਰਾਏ ਪੁਰੀਆ ਅਤੇ ਮੁਹੱਲਾ ਤਰਖਾਣਾ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਮੁਹਲਾ ਤਰਖਾਣਾ ਨਾਲ ਚਲਦੇ ਹੋਏ ਬੱਸ ਸਟੈਂਡ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਸਟਰੀਟ ਫਲੋਰ ਮਿਲ ਤੀਕ, ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਗੀਤਾ ਭਵਨ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਸਾਹਮਣੇ ਮੰਡੀ ਬੈਂਕਸਾਇਡ (ਸਿਟੀ ਰੋਡ) ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਸਟਰੀਟ ਟੋਬਾ ਤੀਕ: ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਲਿੰਕ ਗਲੀ ਤੀਕਸ ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਲਿੰਕ ਗਲੀ ਤੀਕ: ਫਿਰ ਉਕਤ ਗਲੀ ਨਾਲ ਚਲਦੇ ਹੋਏ ਸਿਨੇਮਾ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਸਾਹਮਣੇ ਸੱਤ ਨਰਾਇਣ ਮੰਦਰ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਸਟਰੀਟ ਮੁਹੱਲਾ ਰਾਏ ਪੁਰੀਆ ਤੀਕ. ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਮੁੱਹਲਾ ਤਰਖਾਣਾ ਰੋਡ ਤੀਕਸ ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ:- 20

ਗੀਤਾ ਭਵਨ ਰੋਡ ਅਤੇ ਰੇਲਵੇ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਰੇਲਵੇ ਰੋਡ ਨਾਲ ਚਲਦੇ ਹੋਏ ਨਵਾਂ ਬਜ਼ਾਰ ਰੋਡ ਤੀਕ, ਫਿਰ ਉਕਤ ਰੋਡ ਤੋ ਖੱਬੇ ਹੁੰਦੇ ਹੋਏ ਮਾਸਟਰ ਕਲੋਨੀ ਤੱਕ, ਫਿਰ ਉਕਤ ਤੋ ਹੁੰਦੇ ਹੋਏ ਪੀਰ ਬੰਨਾ ਬਨੋਈ ਰੋਡ ਤੇ ਪੀਰਾਂ ਵਾਲਾ

ਗੇਟ ਤੱਕ ਫਿਰ ਉਕਤ ਰੋਡ ਨਾਲ ਚੱਲਦੇ ਹੋਏ ਪੀਰਾਂ ਵਾਲਾ ਗੇਟ ਨੂੰ ਪਾਰ ਕਰਦੇ ਹੋਏ ਗਲੀ ਪ੍ਰੀਤਮ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਗਲੀ ਦਲੀਪ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਿਨੇਮਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਲਿੰਕ ਗਲੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਟੋਬੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਮੰਡੀ ਬੈਂਕ ਰੋਡ (ਸਿਟੀ ਰੋਡ) ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਗੀਤਾ ਭਵਨ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਰੇਲਵੇ ਰੋਡ ਤੀਕਸ ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰਬਰ:- 21 (ਇਸਤਰੀ ਮੈਂਬਰਾਂ ਲਈ ਰਾਖਵਾਂ)**

ਪੀਰ ਬਾਬਾ ਘੋੜਿਆ ਵਾਲਾ ਚੋਹਾਟਾ ਬਜਾਰ ਰੋਡ ਤੋ ਸੁਰੂ ਕਰਦੇ ਹੋਏ ਪਟਵਾਰ ਖਾਨਾ ਰੋਡ ਤੋ ਹੁੰਦੇ ਹੋਏ ਅਤੇ ਬਾਬੂ ਰਾਮ ਵਰਤਨ ਵਾਲੇ ਦੀ ਹਵੇਲੀ ਦੇ ਅੱਗੇ ਦੀ ਹੁੰਦੇ ਹੋਏ ਗਰਗ ਫੋਟੋ ਸਟੇਟ ਤੋ ਅੱਗੇ ਚੱਲਦੇ ਹੋਏ ਸਿਨੇਮਾ ਚੋਂਕ ਤੱਕ, ਸਿਨੇਮਾ ਚੌਕ ਤੋ ਚੱਲਦੇ ਹੋਏ ਬੱਲੀ ਵਾਲੀ ਰਾਮਲੀਲਾ ਵਾਲੇ ਮੋੜ ਤੱਕ ਇਸ ਮੌੜ ਤੋ ਅੰਦਰ ਹੁੰਦੇ ਹੋਏ ਬੱਲੀ ਵਾਲੀ ਰਾਮਲੀਲਾ ਚੋਂਕ ਤੋ ਚੱਲਦੇ ਹੋਏ ਸਰਾਫਾ ਬਜਾਰ ਦੇ ਅੱਗੇ ਦੀ ਹੁੰਦੇ ਹੋਏ ਸ਼ਿਵ ਕੁੱਟੀ ਮੰਦਿਰ ਵਾਲੇ ਮੋੜ ਤੱਕ, ਇਸ ਸਥਾਨ ਤੋ ਸੱਜੇ ਹੱਥ ਚੱਲਦੇ ਹੋਏ ਜੈਨ ਸਟਰੀਟ ਦੇ ਅੱਗੇ ਦੀ ਹੁੰਦੇ ਹੋਏ ਪੀਰ ਬਾਬਾ ਘੋੜਿਆ ਵਾਲੇ ਚੋਂਕ ਤੱਕ ਜਿੱਥੋ ਆਰੰਭ ਕੀਤਾ ਸੀ ।

**ਵਾਰਡ ਨੰਬਰ:- 22**

ਸਰਕੂਲਰ ਰੋਡ ਅਤੇ ਪੀਰ ਬੰਨਾ ਬਨੋਟੀ ਰੋਡ ਗਲੀ ਨੰਬਰ 3 ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਪੀਰ ਬੰਨਾ ਬਨੋਈ ਰੋਡ ਨਾਲ ਚਲਦੇ ਹੋਏ ਸਾਹਮਣੇ ਲਿੰਕ ਸਟਰੀਟ ਰੇਲਵੇ ਲਾਈਨ ਤੀਕ: ਫਿਰ ਉਕਤ ਰੇਲਵੇ ਲਾਈਨ ਨਾਲ ਚਲਦੇ ਹੋਏ ਕਾਲਜ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਏ ਹੋਏ ਸਰਕੂਲਰ ਰੋਡ ਤੀਕ: ਫਿਰ ਉਕਤ ਰੋਡ ਨਾਲ ਚਲਦੇ ਹੋਏ ਸਰਕੂਲਰ ਰੋਡ ਤੀਕ, ਫਿਰ ਉਕਤ ਚ ਨਾਲ ਚਲਦੇ ਹੋਏ ਪੀਰ ਬੰਨਾ ਬਨੋਈ ਰੋਡ ਗਲੀ ਨੰਬਰ 3 ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰਬਰ:- 23**

ਜਾਖਲ ਰੋਡ ਅਤੇ ਬਿਗੜਵਾਲ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਫਿਰ ਉਕਤ ਗਲੀ ਨਾਲ ਚਲਦੇ ਹੋਏ ਲਿੰਕ ਗਲੀ ਤੀਕਸ ਫਿਰ ਉਕਤ ਗਲੀ ਨਾਲ ਚਲਦੇ ਹੋਏ ਮੇਨ ਸਟਰੀਟ ਗੋਬਿੰਦਪੁਰਾ (ਗੋਰਮਿੰਟ ਪ੍ਰਾਇਮਰੀ ਸਕੂਲ ਵਾਲੀ) ਤੀਕ, ਫਿਰ ਉਕਤ ਸਟਰੀਟ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚਲਦੇ ਹੋਏ (ਵੈਅਰ ਹਾਊਸ) ਜਵੰਧੇ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਜਾਖਲ ਰੋਡ ਤੀਕਸ ਫਿਰ ਉਕਤ ਰੋਡ ਨਾਲ ਚਲਦੇ ਹੋਏ ਬਿਗੜਵਾਲ ਰੋਡ ਤੀਕਸ ਅਰਥਾਤ ਜਿਥੋਂ ਆਰੰਭ ਕੀਤਾ ਸੀ।

ਸਹੀ/-

**ਮਨਜੀਤ ਸਿੰਘ ਬਰਾੜ, ਆਈ.ਏ.ਐਸ,**

ਮਿਤੀ 22 ਦਸੰਬਰ, 2025

ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

*3591/12-2025/Pb.Govt.Press, S.A.S. Nagar*